## ਐਸ.ਸੀ.ਓ.ਪੀ.(ਐਸ)-5 ਗੈਰ ਸਰਕਾਰੀ ਸੰਸਥਾਵਾਂ, ਟਰੱਸਟਾਂ ਅਤੇ ਹੋਰ ਸਮਾਜਿਕ ਸੰਸਥਾਵਾਂ ਨੂੰ ਅਨੁਸੂਚਿਤ ਜਾਤੀਆਂ ਦੇ ਜੋੜਿਆਂ ਦੇ ਸਮੂਹਿਕ ਵਿਆਹ ਕਰਵਾਉਣ ਸਮੇਂ ਸਹਾਇਤਾ ਦੇਣ ਸਬੰਧੀ

ਇਸ ਸਕੀਮ ਦਾ ਉਦੇਸ਼ ਅਦਾਰਿਆਂ, ਟਰੱਸਟਾਂ, ਗੈਰ-ਸਰਕਾਰੀ ਸੰਸਥਾਵਾਂ ਆਦਿ ਨੂੰ ਅਨੁਸੂਚਿਤ ਜਾਤੀਆਂ ਅਤੇ ਅੰਤਰ-ਜਾਤੀ ਜੋੜਿਆਂ ਦੇ ਸਮੂਹਿਕ ਵਿਆਹ ਕਰਵਾਉਣ ਸਮੇਂ ਵਿੱਤੀ ਸਹਾਇਤਾ ਦੇ ਕੇ ਉਤਸ਼ਾਹਿਤ ਕਰਨਾ ਹੈ, ਜੋ ਛੂਤ-ਛਾਤ ਦੂਰ ਕਰਨ ਦਾ ਕੰਮ, ਨੀਵੇਂ ਅਤੇ ਉੱਚੇ ਵਿਚਕਾਰ ਪਾੜੇ ਨੂੰ ਸੁਧਾਰ ਕਰਨ, ਰਾਜ ਵਿੱਚ ਸਮਾਜਿਕ ਏਕਤਾ ਲਈ ਕੰਮ ਕਰਦੀਆਂ ਹਨ। ਇਸ ਸਕੀਮ ਤਹਿਤ ਜੋ ਵਿਅਕਤੀ ਅਤੇ ਸੰਸਥਾਵਾਂ ਅਨੁਸੂਚਿਤ ਜਾਤੀਆਂ ਦੇ 10 ਤੋਂ ਜਿਆਦਾ ਜੋੜਿਆਂ ਦੇ ਸਮੂਹਿਕ ਵਿਆਹ ਕਰਵਾਉਣਗੀਆਂ, ਨੂੰ ਨਕਦ ਅਦਾਇਗੀ ਦੇ ਸ਼ੇਪ ਵਿੱਚ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਪ੍ਰਬੰਧਕਾਂ ਨੂੰ 1.00 ਲੱਖ ਰੁਪਏ ਪ੍ਰਤੀ ਜੋੜੇ ਦੇ ਹਿਸਾਬ ਨਾਲ, ਜਿਸ ਵਿਚੋਂ 85,000/-ਰੁਪਏ ਸਬੰਧਤ ਜੋੜੇ ਨੂੰ ਬਰਤਨ, ਫਰਨੀਚਰ ਅਤੇ ਗਹਿਣਿਆਂ ਆਦਿ ਦੀ ਖਰੀਦ ਲਈ ਅਤੇ 15,000/-ਰੁਪਏ ਸਬੰਧਤ ਵਿਅਕਤੀ/ਸੰਸਥਾ ਨੂੰ ਇਨਾਮ ਵਜੋਂ ਉਤਸ਼ਾਹਿਤ ਕਰਨ ਲਈ ਦਿੱਤੇ ਜਾਣਗੇ। ਸਾਲ 2008-09 ਦੌਰਾਨ ਅਨੁਸੂਚਿਤ ਜਾਤੀਆਂ ਦੇ ਜੋੜਿਆਂ ਦੇ 100 ਸਮੂਹਿਕ ਵਿਆਹ ਕਰਵਾਉਣ ਲਈ 100.00 ਲੱਖ ਰੁਪਏ ਦੀ ਰਾਸ਼ੀ ਦਾ ਉਪਬੰਧ ਕੀਤਾ ਗਿਆ ਹੈ। ਸਾਲ 2009-10 ਲਈ ਕੋਈ ਬਜਟ ਤਜਵੀਜ਼ ਨਹੀਂ ਕੀਤਾ ਗਿਆ।